

# ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਔਫ ਕੈਨੇਡਾ ਵਿਖੇ ਤੁਹਾਡੀ ਵਰਚੁਅਲ ਸੁਣਵਾਈ ਲਈ ਤਿਆਰ ਹੋਣ ਲਈ ਤੇਜ਼ ਸੁਝਾਅ

ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਔਫ ਕੈਨੇਡਾ (IRB) ਵਿਖੇ ਤੁਹਾਡੀ ਵਰਚੁਅਲ ਸੁਣਵਾਈ ਲਈ ਤਿਆਰ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਹੇਠਾਂ ਕੁਝ ਤੇਜ਼ ਸੁਝਾਅ ਦਿੱਤੇ ਗਏ ਹਨ।

ਜੇਕਰ ਤੁਹਾਨੂੰ ਆਪਣੀ ਸੁਣਵਾਈ ਨਾਲ ਕੁਨੈਕਟ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਅਸੀਂ ਤੁਹਾਨੂੰ ਕੁਨੈਕਟ ਕਰਨ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ। ਸਾਡੀ ਸੰਪਰਕ ਜਾਣਕਾਰੀ ਤੁਹਾਡੇ ਨੋਟਿਸ ਟੂ ਅਪੀਅਰ 'ਤੇ ਸੂਚੀਬੱਧ ਹੈ।

## ਐਪ ਨੂੰ ਡਾਊਨਲੋਡ ਕਰੋ

ਮਾਈਕ੍ਰੋਸੌਫਟ ਟੀਮਜ਼ ਨੂੰ ਆਪਣੀ ਡਿਵਾਈਸ 'ਤੇ ਡਾਊਨਲੋਡ ਕਰੋ। ਐਪ ਤੁਹਾਡੀ ਵਰਚੁਅਲ ਸੁਣਵਾਈ ਲਈ ਸਭ ਤੋਂ ਵਧੀਆ ਸਮੁੱਚਾ ਅਨੁਭਵ ਪ੍ਰਦਾਨ ਕਰਦਾ ਹੈ, ਹਾਲਾਂਕਿ ਤੁਸੀਂ ਵੈੱਬ ਬ੍ਰਾਊਜ਼ਰ ਦੀ ਵਰਤੋਂ ਕਰਕੇ ਕਨੈਕਟ ਕਰਨ ਦੀ ਚੋਣ ਵੀ ਕਰ ਸਕਦੇ ਹੋ।

## ਆਪਣੇ ਡਿਵਾਈਸ ਦੀ ਜਾਂਚ ਕਰੋ

ਆਪਣੇ ਡਿਵਾਈਸ ਦੀ ਕਨੈਕਸ਼ਨ ਸਪੀਡ (1.5 Mbps ਜਾਂ ਬਿਹਤਰ) ਦੀ ਜਾਂਚ ਕਰੋ। ਫਿਰ, ਮਾਈਕਰੋਸੌਫਟ ਟੀਮਜ਼ ਦੀ ਵਰਤੋਂ ਕਰਦੇ ਹੋਏ, ਆਪਣੇ ਸਲਾਹਕਾਰ (ਜਾਂ ਇੱਕ ਦੋਸਤ) ਨੂੰ ਕਾਲ ਕਰੋ ਅਤੇ ਇੱਕ ਸੰਖੇਪ ਗੱਲਬਾਤ ਕਰੋ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡਾ ਕੈਮਰਾ, ਮਾਈਕ੍ਰੋਫ਼ੋਨ, ਅਤੇ ਸਪੀਕਰ ਸਹੀ ਢੰਗ ਨਾਲ ਕੰਮ ਕਰ ਰਹੇ ਹਨ।

## ਹੈੱਡਫੋਨਜ਼ ਅਤੇ ਮਿਊਟ ਫੰਕਸ਼ਨ ਦੀ ਵਰਤੋਂ ਕਰੋ

ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਆਵਾਜ਼ ਦੀ ਚੰਗੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਬਿਲਟ-ਇਨ ਮਾਈਕ੍ਰੋਫ਼ੋਨ ਵਾਲੇ ਹੈੱਡਫ਼ੋਨਜ਼ ਦੀ ਵਰਤੋਂ ਕਰੋ। ਸੁਣਵਾਈ ਦੌਰਾਨ ਆਪਣੇ ਮਾਈਕ੍ਰੋਫੋਨ ਨੂੰ ਮਿਊਟ ਰੱਖੋ ਸਿਵਾਏ ਜਦੋਂ ਤੁਸੀਂ ਬੋਲ ਰਹੇ ਹੋਵੋ।

## ਆਪਣੇ ਦਸਤਾਵੇਜ਼ ਤਿਆਰ ਰੱਖੋ

ਸੁਣਵਾਈ ਦੌਰਾਨ ਤੁਹਾਡੇ ਕੋਲ ਆਪਣਾ ਦਸਤਾਵੇਜ਼ ਪੈਕੇਜ ਹੋਣਾ ਚਾਹੀਦਾ ਹੈ, ਪੰਨਿਆਂ 'ਤੇ ਨੰਬਰਾਂ ਦੇ ਨਾਲ। ਤੁਹਾਡੇ ਅਤੇ ਤੁਹਾਡੇ ਵਕੀਲ ਕੋਲ ਪੈਕੇਜ ਦੀ ਇੱਕੋ ਕਾਪੀ ਹੋਣੀ ਚਾਹੀਦੀ ਹੈ।

## ਇੱਕ ਟੈਲੀਫੋਨ ਨੇੜੇ ਰੱਖੋ

ਯਕੀਨੀ ਬਣਾਓ ਕਿ ਤੁਹਾਡੇ ਕੋਲ ਇੱਕ ਵੱਖਰਾ ਟੈਲੀਫ਼ੋਨ ਉਪਲਬਧ ਹੈ। ਕਿਸੇ ਤਕਨੀਕੀ ਸਮੱਸਿਆ ਦੀ ਸਥਿਤੀ ਵਿੱਚ ਤੁਸੀਂ ਮਾਈਕਰੋਸੌਫਟ ਟੀਮਜ਼ 'ਤੇ ਆਵਾਜ਼ ਨੂੰ ਮਿਊਟ ਕਰ ਸਕਦੇ ਹੋ ਅਤੇ ਸੁਣਵਾਈ ਨੂੰ ਪੂਰਾ ਕਰਨ ਲਈ ਟੈਲੀਕੌਨਫਰੰਸ ਵਿੱਚ ਕਾਲ ਕਰ ਸਕਦੇ ਹੋ।